Series ONS

SET-4

Code No. **4**

Roll No. | | | | | | | |

Candidates must write the Code on the title page of the answer-book.

- Please check that this question paper contains **6** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **16** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 100*

*Time allowed : 3 hours* — *Maximum Marks : 100*

1. **ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉਤਰ ਲਿਖੋ:** **2x5=10**

ਵੇਦ ਪ੍ਰਾਚੀਨ ਭਾਰਤ ਦੇ ਵੈਦਿਕ ਸੰਸਕ੍ਰਿਤ ਵਿੱਚ ਰਚੇ ਗਏ ਗ੍ਰੰਥਾਂ ਦੇ ਇਕ ਸਮੂਹ ਦਾ ਨਾਮ ਹੈ। ਇਨ੍ਹਾਂ ਨੂੰ ਹਿੰਦੂ ਧਰਮ ਦੀਆਂ ਪ੍ਰਾਚੀਨਤਮ ਪੁਸਤਕਾਂ ਮੰਨਿਆ ਜਾਂਦਾ ਹੈ। ਅਨੁਮਾਨ ਹੈ ਕਿ ਇਹ ਪੰਦਰ੍ਹਵੀਂ ਅਤੇ ਪੰਜਵੀਂ ਸਦੀ ਈ.ਪੂ ਦੌਰਾਨ ਰਚੀਆਂ ਗਈਆਂ। ਇਨ੍ਹਾਂ ਨੂੰ ਦੋ ਬੁਨਿਆਦੀ ਕਿਸਮਾਂ ਯਾਨੀ ਸ਼ਰੁਤੀ ਅਤੇ ਸਿਮਰਤੀ ਵਿੱਚ ਵੰਡਿਆ ਜਾਂਦਾ ਹੈ। ਸ਼ਰੁਤੀ ਵਿੱਚ ਸਿਰਫ ਚਾਰ ਵੇਦ ਸ਼ਾਮਲ ਹਨ: ਰਿਗ ਵੇਦ, ਸਾਮਵੇਦ, ਯਜੁਰਵੇਦ ਅਤੇ ਅਥਰਵ ਵੇਦ। ਇਹ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਨੂੰ ਕਿਸੇ ਮਨੁੱਖ ਦੁਆਰਾ ਨਹੀਂ ਰਚਿਆ ਗਿਆ। ਇਹ ਸਿੱਧੇ ਬ੍ਰਹਮਾ ਦੇ ਮੂੰਹੋਂ ਉਚਰੇ ਮੰਨੇ ਜਾਂਦੇ ਹਨ। ਇਸੇ ਲਈ ਇਨ੍ਹਾਂ ਨੂੰ ਸ਼ਰੁਤੀ ਕਿਹਾ ਜਾਂਦਾ ਹੈ। ਸ਼ਰੁਤੀ ਨੂੰ ਹਿੰਦੂ ਧਰਮ ਦਾ ਸਭ ਤੋਂ ਮਹੱਤਵਪੂਰਨ ਸਰੋਤ ਮੰਨਿਆ ਜਾਂਦਾ ਹੈ। ਹਰ ਵੇਦ ਦੇ ਚਾਰ ਭਾਗ ਹੁੰਦੇ ਹਨ- ਸੰਹਿਤਾ, ਬ੍ਰਾਹਮਣ, ਆਰਣਯਕ ਅਤੇ ਉਪਨਿਸ਼ਦ। ਇਨ੍ਹਾਂ ਦੇ ਇਲਾਵਾ ਬਾਕੀ ਸਾਰੇ ਹਿੰਦੂ ਧਰਮ ਗ੍ਰੰਥ ਸਿਮਰਤੀ ਦੇ ਅੰਤਰਗਤ ਆਉਂਦੇ ਹਨ। ਸ਼ਰੁਤੀ ਅਤੇ ਸਿਮਰਤੀ ਵਿੱਚ ਕੋਈ ਵੀ ਵਿਵਾਦ ਹੋਣ ਤੇ ਸ਼ਰੁਤੀ ਨੂੰ ਹੀ ਮਾਨਤਾ ਮਿਲਦੀ ਹੈ, ਸਿਮਰਤੀ ਨੂੰ ਨਹੀਂ।

(i) ਵੇਦ ਕਿਸ ਨੂੰ ਕਿਹਾ ਜਾਂਦਾ ਹੈ?

(ii) ਸ਼ਰੁਤੀ ਵਿੱਚ ਕਿਹੜੇ ਵੇਦ ਸ਼ਾਮਲ ਹਨ?

(iii) ਸਿਮਰਿਤੀ ਵਿੱਚ ਕਿਹੜੇ ਧਰਮ ਗ੍ਰੰਥ ਮੰਨੇ ਜਾਂਦੇ ਹਨ?

(iv) ਸ਼ਰੁਤੀ ਅਤੇ ਸਿਮਰਤੀ ਵਿਚੋਂ ਕਿਸ ਨੂੰ ਵੱਧ ਮਹੱਤਵ ਪ੍ਰਾਪਤ ਹੈ?

(v) ਵੇਦ ਕਿਸ ਦੁਆਰਾ ਉਚਾਰੇ ਗਏ ਮੰਨੇ ਜਾਂਦੇ ਹਨ?

2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉਪੱਰ **200** ਸ਼ਬਦਾਂ ਦਾ ਲੇਖ ਲਿਖੋ : **10**

(i) ਬੋਲਣ ਦੀ ਆਜਾਦੀ

(ii) ਦੀਵਾਲੀ ਤੇ ਪਟਾਕੇ ਕਿਉਂ?

(iii) ਵਰਤਮਾਨ ਰਾਜਨੀਤਕ ਹਾਲਾਤ

(iv) ਗਣਤੰਤਰ ਦਿਵਸ

3. ਸਾਹਿਤ ਅਕਾਦਮੀ ਪੁਰਸਕਾਰਾਂ ਨੂੰ ਵਾਪਸ ਕਰਨ ਬਾਰੇ ਆਪਣੇ ਵਿਚਾਰ ਈ ਮੇਲ ਰਾਹੀਂ ਆਪਣੇ ਮਿੱਤਰ ਨਾਲ ਸਾਂਝੇ ਕਰੋ **7**

**ਜਾਂ**

ਤੁਹਾਡਾ ਬੈਗ ਕਿਤੇ ਗਵਾਚ ਗਿਆ ਹੈ, ਉਸਨੂੰ ਤੁਹਾਡੇ ਤਕ ਪਹੁੰਚਾਣ ਵਾਲੇ ਨੂੰ ਤੁਸੀਂ ਇਨਾਮ ਦੇਵੋਗੇ- ਇਸ ਪ੍ਰਕਾਰ ਦਾ ਇਕ ਨੋਟਿਸ ਅਖਬਾਰ ਵਿੱਚ ਛਾਪਣ ਲਈ ਤਿਆਰ ਕਰੋ। ਨੋਟਿਸ 100 ਕੁ ਸ਼ਬਦਾਂ ਦਾ ਹੋਵੇ।

4. ਨਕਲੀ ਦਵਾਈਆਂ ਦੀ ਹੋ ਰਹੀ ਬਿਕਰੀ ਬਾਰੇ ਸੂਚਿਤ ਕਰਦਿਆਂ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ। **8**

5. ਹੇਠ ਦਿੱਤੇ ਮੁਹਾਵਰਿਆਂ ਵਿਚੋਂ **ਤਿੰਨ** ਦੇ ਅਰਥ ਸੱਪਸ਼ਟ ਕਰਦੇ ਹੋਏ ਵਾਕ ਬਣਾਓ: **3**

(i) ਠੰਡੇ ਦੁੱਧ ਨੂੰ ਫੂਕਾਂ ਮਾਰਨਾ (ii) ਤੀਲੀ ਲਾਉਣੀ

(iii) ਨੱਕ ਰਖਣਾ (iv) ਪਿੱਛੇ ਪੈਣਾ

6. (i) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: **3**

(ੳ) ਏਹਨਾਂ (ਅ) ਔਖਾ (ਸ) ਖੰਗਣਾ

(ii) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : **3**

(ੳ) ਬੁੱਡਾ (ਅ) ਡਾਂਘ (ਸ) ਬਿਆਹ

7. ਹੇਠ ਲਿਖੀ ਵਾਰਤਾ ਨੂੰ ਸਹੀ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : **3**

ਹਾਂ ਬੇਟਾ ਉਹ ਬੋਲਿਆ ਹੈ ਇਕ ਇਹੋ ਜਿਹਾ ਹਥਿਆਰ ਪਰ ਉਹ ਮੇਰੇ ਕੋਲ ਨਹੀਂ ਤੇਰੇ ਕੋਲ ਹੈ

8. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ: **3**

(i) ਮੈਂ ਉਥੇ ਕਦੇ ਨਹੀਂ ਗਿਆ ਨਹੀਂ ਦਾਦਾ ਜੀ

(ii) ਕਿੱਥੇ ਜਾਣਾ ਹੈ ਟਾਂਗੇ ਵਾਲੇ ਨੇ ਪੁੱਛਿਆ

(iii) ਕਿਉਂਕਿ ਉਹ ਪਾਸ ਹੋ ਗਿਆ ਉਹ ਖੁਸ਼ ਹੈ

9. ਹੇਠ ਦਿੱਤੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ **ਇੱਕ** ਦੇ ਅੰਤ ਵਿਚ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ: **2x4=8**

ਕਾਲਾ ਸੂਰਜ ਚੜ੍ਹੇ ਸਵੇਰੇ
ਕਾਲਾ ਹੀ ਡੁੱਬ ਜਾਵੇ
ਕਾਲਖ ਤੋਂ ਬਿਨ ਹੋਰ ਨਾ ਦੂਜਾ
ਕਿਉਂ ਕੋਈ ਬੱਤੀ ਬਾਲੇ

(i) ਇਸ ਕਾਵਿ-ਟੁਕੜੀ ਦੇ ਨਾਲ ਸੰਬੰਧਿਤ ਕਵੀ ਅਤੇ ਕਵਿਤਾ ਦਾ ਨਾਮ ਲਿਖੋ

(ii) ਕਾਲਾ ਸੂਰਜ ਕਿਸ ਦਾ ਪ੍ਰਤੀਕ ਹੈ?

(iii) ਇਨ੍ਹਾਂ ਸਤਰਾਂ ਵਿੱਚ ਕਿਸ ਪ੍ਰਕਾਰ ਦੀ ਸਥਿਤੀ ਵਿਖਾਈ ਦੇਂਦੀ ਹੈ

(iv) 'ਕਿਉਂ ਕੋਈ ਬੱਤੀ ਬਾਲੇ' ਤੋਂ ਕੀ ਭਾਵ ਹੈ?

**ਜਾਂ**

ਤੱਤੇ ਠੰਡੇ ਸਮੇ ਸਮੋਏ,
ਵਕਤ ਨਜਿੱਠਣ ਕੱਠੇ ਹੋਏ।
ਜੁਗ ਜੁਗ ਚਕ੍ਰ ਕਾਲ ਦਾ ਚੱਲੇ,
ਔਖੇ, ਹੁੰਦੇ ਜਾਣ ਸੁੱਖਲੇ,
ਤੁਰੀ ਰਹੇ ਰਫਤਾਰ,
ਸਮੇਂ ਦੀ ਨਵੀਓਂ ਨਵੀਂ ਬਹਾਰ

(i) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿਚੋਂ ਹਨ?

(ii) ਇਥੇ ਕਿਹੜੀ ਤਬਦੀਲੀ ਦੀ ਗਲ ਕੀਤੀ ਗਈ ਹੈ?

(iii) 'ਨਜਿਠਣ, ਦੇ ਕੀ ਅਰਥ ਹਨ?

(iv) 'ਸਮੇਂ ਦੀ ਨਵੀਓਂ ਨਵੀਂ ਬਹਾਰ' ਦੇ ਕੀ ਅਰਥ ਹਨ?

**10.** ਕਿਸੇ **ਇੱਕ** ਕਾਵਿ ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: **7**

ਖਾੜ ਖਾੜ ਚਲਣ ਵਿੱਚ ਮੇਰੇ ਸੁਫਨਿਆਂ,
ਪੰਜਾਬ ਦੇ ਦਰਿਆ,
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ, ਠੰਡੇ ਤੇ ਠਾਰਦੇ,
ਪਿਆਰਦੇ।

**ਜਾਂ**

ਦਿਨ ਕੋਈ ਘਰੋਂ ਰੁੱਸ ਕੇ ਗਏ ਜੀਅ ਤਾਂ ਨਹੀਂ
ਦਿਨ ਤਾਂ ਸਾਡੇ ਹਥੋਂ ਮਰਿਆਂ ਦੇ
ਕਰਾਹੁੰਦੇ ਪ੍ਰੇਤ ਹਨ
ਜਿਨ੍ਹਾਂ ਦੇ ਜ਼ਖਮ ਤੱਕ ਹੁਣ ਸਾਡੇ ਹੱਥ ਨਹੀਂ ਪਹੁੰਚਦੇ

**11.** ਹੇਠ ਲਿਖੇ ਕਿਸੇ **ਇਕ** ਵਾਰਤਾਲਾਪ ਅੰਸ਼ ਨੂੰ ਪੜ੍ਹ ਕੇ ਇਸ ਦੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **1x3=3**

"ਮਦਾਰੀ ਤੇਰੇ ਸਕੂਲ ਦੱਸਣ ਗਿਐ ਕਿ ਤੂੰ ਸਕੂਲੋਂ ਨੱਸ ਕੇ ਦਾਣਾ-ਮੰਡੀ ਵਿੱਚ ਫਿਰਦੈਂ"

(i) 'ਦਾਣਾ-ਮੰਡੀ' ਕਿਹੜੀ ਹੁੰਦੀ ਹੈ?

(ii) ਇਹ ਵਾਰਤਾਲਾਪ ਕਿਸ ਨੂੰ ਸੰਬੋਧਿਤ ਹੈ?

(iii) ਇਹ ਵਾਰਤਾਲਾਪ ਕੌਣ ਬੋਲ ਰਿਹਾ ਹੈ?

**ਜਾਂ**

" ਨਹੀਂ, ਮੈਂ ਨਿੱਕਰ ਪਾ ਕੇ ਆਇਆ ਸੀ। ਲਾਹ ਕੇ ਐਥੇ ਰੱਖੀ ਸੀ, ਕਮੀਜ਼ ਦੇ ਕੋਲ। "

(i) ਇਥੇ ਨਿੱਕਰ ਬਾਰੇ ਕੀ ਗੱਲ ਹੋ ਰਹੀ ਹੈ?

(ii) ਇਹ ਸਤਰਾਂ ਕੌਣ ਬੋਲ ਰਿਹਾ ਹੈ?

(iii) ਇਹ ਵਾਰਤਾਲਾਪ ਕਿਸ ਪੁਸਤਕ ਵਿਚੋਂ ਹੈ ਅਤੇ ਇਸ ਪੁਸਤਕ ਦਾ ਲੇਖਕ ਕੌਣ ਹੈ?

**12.** ਨਾਵਲ 'ਗੁਆਚਿਆ ਮੁੰਡਾ' ਤੋਂ ਕੀ ਸਿਖਿਆ ਮਿਲਦੀ ਹੈ; ਇਸਨੂੰ **100-125** ਸ਼ਬਦਾਂ ਵਿੱਚ ਸਮਝਾਓ। **7**

**ਜਾਂ**

ਘੋਗਾ ਇਸ ਨਾਵਲ 'ਗੁਆਚਿਆ ਮੁੰਡਾ' ਵਿੱਚ ਦਿਸ਼ਾਹੀਨ ਕਿਓਂ ਲਗਦਾ ਹੈ ?

**13.** ਹੇਠ ਦਿੱਤੇ ਕਥਾ-ਅੰਸ਼ਾਂ ਵਿਚੋਂ ਕਿਸੇ ਇੱਕ ਦੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ:

" ਅਕਲਾਂ ਬਿਨਾਂ ਤਾਂ ਗੁਜ਼ਾਰਾ ਨਹੀਂ, ਪਰ ਉਹ ਵੇਲੇ ਤਾਂ ਗਏ, ਭੈਣ ਜੀ, ਜਦੋਂ ਲੋਕ ਕਹਿੰਦੇ ਸੀ, ਅਕਲ ਤੋਂ ਬਿਨਾਂ ਹੋਰ ਸਭ ਕੁਝ ਖਰੀਦਿਆ ਜਾ ਸਕਦੈ:ਹੈ। ਹੁਣ ਤਾਂ ਅਕਲ ਵੀ ਗਲੀ ਗਲੀ ਵਿਕਦੀ ਐ। ਆਪਣੀ ਨਾ ਹੋਵੇ ਬੰਦਾ ਖਰੀਦ ਲਵੇ। "

(i) ਅਕਲ ਬਿਨਾਂ ਗੁਜ਼ਾਰਾ ਕਿਉਂ ਨਹੀਂ ? **1**

(ii) ਅਕਲ ਖਰੀਦੀ ਜਾ ਸਕਦੀ ਹੈ? ਕਿਵੇਂ ? **2**

(iii) ਇਹ ਵਾਰਤਾਲਾਪ ਕਿਸ ਕਹਾਣੀ ਵਿਚੋਂ ਹੈ ਅਤੇ ਇਸ ਦਾ ਕਹਾਣੀਕਾਰ ਕੌਣ ਹੈ **2**

**ਜਾਂ**

" ਹੈ ਵੀਰਾ ਵੇਖੇ ਨਾ ਦੋਵੇਂ ਵੱਡੇ ਭਾਊ ਆਉਣ ਈ ਵਾਲੇ ਨੇ... ਵਡਾ ਭਾਊ ਰਾਤ ਦਾ ਕਰਮ ਸੂੰਹ ਕੋਲ ਅੱਡੇ ਤੇ ਆ ਗਿਆ ਹੋਣਾ...ਵੇਖੇ ਨਾ....ਤੂੰ ਜਿਹੜਾ ਸਾਬ੍ਹ ਕਤਾਬ ਬਣਦਾ... ਉਹਨਾਂ ਨਾਲ ਨਬੇੜ ਲੈ... ਵੇਖੇ ਨਾ... ਮਾਂ ਦਾ 'ਕਠ ਵੀ ਕਰਨਾ ਹੋਇਆ"

(i) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ਹਨ? **2**

(ii) ਇਹ ਸਾਰੀ ਗਲ ਕਿਸ ਬਾਰੇ ਹੈ? **2**

(iii) ਇਹ ਵਾਰਤਾਲਾਪ ਕਿਸ ਕਹਾਣੀ ਵਿਚੋਂ ਲਈ ਗਈ ਹੈ? **1**

**14.** 'ਤਿਲਚੌਲੀ' ਕਹਾਣੀ ਦੇ ਮੁੱਖ ਪਾਤਰ 'ਰੌਣਕੀ' ਦੇ ਚਰਿਤਰ ਬਾਰੇ **100-125** ਸ਼ਬਦਾਂ ਵਿਚ ਵਿਚਾਰ ਲਿਖੋ। **5**

**ਜਾਂ**

ਕਹਾਣੀ 'ਰੋਲ ਨੰਬਰ' ਵਿਚ ਸਰਦਾਰ ਹਰਬੇਲ ਸਿੰਘ ਕਿਸ ਵਹਿਮ ਭਰਮ ਦਾ ਸ਼ਿਕਾਰ ਹੋ ਗਏ ਸੀ- ਇਸ ਬਾਰੇ ਆਪਣੇ ਵਿਚਾਰ **100-125** ਸ਼ਬਦਾਂ ਵਿਚ ਲਿਖੋ।

**15.** ਸੂਫੀ ਕਾਵਿ-ਧਾਰਾ ਦੀਆਂ ਪ੍ਰਮੁਖ ਵਿਸ਼ੇਸ਼ਤਾਵਾਂ ਬਾਰੇ ਆਪਣੇ ਵਿਚਾਰ **150-200** ਸ਼ਬਦਾਂ ਵਿਚ ਲਿਖੋ। **10**

**ਜਾਂ**

ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਬਾਰੇ ਆਪਣੇ ਵਿਚਾਰ **150-200** ਸ਼ਬਦਾਂ ਵਿਚ ਲਿਖੋ।

**16.** ਕਦਰਾਂ ਕੀਮਤਾਂ ਤੇ ਆਧਾਰਿਤ ਪ੍ਰਸ਼ਨ : **5**

" ਅਨਪੜ੍ਹ ਬੰਦਾ ਤਾਂ ਨਿਰਾ ਢੋਰ ਹੁੰਦਾ ਹੈ, ਉਸ ਨੂੰ ਜ਼ਮਾਨੇ ਦੀ ਸੂਝ ਹੀ ਨਹੀਂ ਆ ਸਕਦੀ। " ਇਨ੍ਹਾਂ ਸਤਰਾਂ ਤੋਂ ਪੜ੍ਹਾਈ ਦੇ ਮਹੱਤਵ ਬਾਰੇ ਪਤਾ ਚਲਦਾ ਹੈ। ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ ਕਿ ਅਨਪੜ੍ਹ ਬੰਦਾ ਢੋਰ ਬਰਾਬਰ ਹੁੰਦਾ ਹੈ -ਇਸ ਬਾਰੇ ਆਪਣੇ ਵਿਚਾਰ **100-125** ਸ਼ਬਦਾਂ ਵਿਚ ਲਿਖੋ।